# 4

# ਬਪਤਿਸਮੇ ਨਾਲ ਹੋਣ ਵਾਲੇ ਬਦਲਾਅ

*''ਪਰ ਧੰਨਵਾਦ ਹੈ ਪਰਮੇਸ਼ੁਰ ਦਾ ਕਿ ਭਾਵੇਂ ਤੁਸੀਂ ਪਾਪ ਦੇ ਦਾਸ ਸਾਓ ਪਰ ਜਿਸ ਸਿੱਖਿਆ ਦੇ ਸੱਚੇ ਵਿਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ। ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ'' (ਰੋਮੀਆਂ 6:17, 18)*।

ਬਪਤਿਸਮਾ ਲੈਂਦੇ ਸਮੇਂ ਬਪਤਿਸਮੇ ਨਾਲ ਜੁੜੀਆਂ ਰੂਹਾਨੀ ਹਕੀਕਤਾਂ ਦੀ ਸਮਝ ਹੋਣੀ ਜ਼ਰੂਰੀ ਹੈ। ਬਪਤਿਸਮਾ ਲੈਣ ਵੇਲੇ ਜੇ ਅਸੀਂ ਸੱਚੇ ਮਨੋ ਰੂਹਾਨੀ ਤੌਰ ਤੇ ਸ਼ਾਮਿਲ ਹਾਂ ਤਾਂ ਚਾਰ ਅਹਿਮ ਬਦਲਾਅ ਹੁੰਦੇ ਹਨ।

## ਸਥਿਤੀ ਦਾ ਬਦਲਾਅ

ਬਪਤਿਸਮਾ ਲੈਣ ਲਈ ਜ਼ਰੂਰੀ ਹੈ ਕਿ ਅਸੀਂ ਯਿਸੂ ਮਸੀਹ ਵਿਚ ਇਸ ਨੇ ਸਾਡੇ ਪਾਪਾਂ ਦੀ ਮਾਫ਼ੀ ਲਈ ਮਰ ਕੇ ਆਪਣਾ ਲਹੂ ਵਹਾ ਦਿੱਤਾ ਮਸੀਹਾ ਦੇ ਰੂਪ ਵਿਚ ਵਿਸ਼ਵਾਸ ਕਰਦੇ ਹਾਂ। ਸਾਨੂੰ ਉਸ ਨੂੰ ਆਪਣਾ ਪ੍ਰਭੂ ਮੰਨਣ ਲਈ ਆਪਣੇ ਦਿਲ ਵਿਚ ਪਿਛਲੀ ਜ਼ਿੰਦਗੀ ਦੇ ਤਿਆਗ ਦੇਣ ਦਾ ਫ਼ੈਸਲਾ ਕਰਨਾ ਜ਼ਰੂਰੀ ਹੈ। ਜੇ ਅਸੀਂ ਅਜਿਹਾ ਕਰਦੇ ਹਾਂ ਤਾਂ ਸਾਡੀ ਸਥਿਤੀ ਬਦਲ ਜਾਂਦੀ ਹੈ। ਭਾਵ (1) ਅਸੀਂ ਗੁਆਚੇ ਹੋਇਆਂ ਤੋਂ ਬਚਾਏ ਹੋਏ ਬਣ ਜਾਵਾਂਗੇ (ਮਰੁਕਸ 16:16; 1 ਪਤਰਸ 3:21), (2) ਪਾਪ ਦੇ ਬੋਝ ਨਾਲ ਦੱਬੇ ਹੋਇਆਂ ਤੋਂ ਆਪਣੇ ਪਾਪਾਂ ਤੋਂ ਸ਼ੁੱਧ ਕੀਤੇ ਬਣ ਜਾਵਾਂਗੇ (ਰਸੂਲਾਂ ਦੇ ਕੰਮ 22:16) ਅਤੇ (3) ਆਪਣੇ ਪਾਪਾਂ ਦੇ ਦੋਸ਼ੀ ਹੋਣ ਤੋਂ ਪਾਪਾਂ ਦੀ ਮਾਫ਼ੀ ਪਾਏ ਹੋਏ ਬਣ ਜਾਵਾਂਗੇ (ਰਸੂਲਾਂ ਦੇ ਕੰਮ 2:38; ਕੁਲੁੱਸੀਆਂ 2:12, 13)। ਇਹ ਤਿੰਨੇ ਵੱਖ ਵੱਖ ਬਦਲਾਅ ਨਹੀਂ ਹਨ ਬਲਕਿ ਇੱਕੋ ਬਦਲਾਅ ਦੇ ਸੰਕੇਤ ਹਨ। ਇਹ ਬਦਲਾਅ ਉਸ ਹੱਦ ਤਕ ਹੁੰਦਾ ਹੈ ਜਦ ਕੋਈ ਗ਼ੈਰ ਮਸੀਹੀ ਆਪਣੇ ਪਾਪਾਂ ਨੂੰ ਯਿਸੂ ਦੇ ਲਹੂ ਨਾਲ ਧੁਆ ਕੇ ਮਸੀਹੀ ਬਣਦਾ ਹੈ।

## ਸਥਾਨ ਦਾ ਬਦਲਾਅ

ਬਪਤਿਸਮਾ ਲੈਂਦਿਆਂ ਜੇ ਅਸੀਂ ਸਹੀ ਰੂਹਾਨੀ ਸੰਗਤੀ ਵਿਚ ਹਾਂ ਤਾਂ ਅਸੀਂ ਯਿਸੂ ਦੇ ਬਾਹਰ ਨਹੀਂ ਰਹਾਂਗੇ, ਜਿੱਥੇ ਅਸੀਂ ਉਸ ਤੋਂ ਵੱਖ ਸਾਂ। ਪੌਲੁਸ ਨੇ ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਦੱਸਿਆ ਸੀ ਕਿ ''... ਤੁਸੀਂ ਉਸ ਸਮੇਂ ਮਸੀਹ ਤੋਂ ਅੱਡ, ਇਸਰਾਏਲ ਦੀ ਪਾਤਸ਼ਾਹੀ ਤੋਂ ਨਿਆਰੇ ਕੀਤੇ ਹੋਏ, ਵਚਨ ਦੇ ਨੇਮਾਂ ਤੋਂ ਬਾਹਰ, ਆਸ਼ਾ ਹੀਣ ਅਤੇ ਜਗਤ ਵਿਚ ਪਰਮੇਸ਼ੁਰ ਤੋਂ ਰਹਿਤ ਸਾਓ'' (ਅਫ਼ਸੀਆਂ 2:12)।

ਮਸੀਹੀ ਬਣਕੇ ਸਾਡੀ ਸਥਿਤੀ ਬਦਲ ਜਾਂਦੀ ਹੈ ਕਿਉਂ ਅਸੀਂ ਮਸੀਹ ਵਿਚ ਆ ਜਾਂਦੇ ਹਾਂ ਜੋ ਕਿ ਸਾਨੂੰ ਯਿਸੂ ਦੇ ਲਹੂ ਦੇ ਰਾਹੀਂ ਖ਼ੁਦਾ ਦੇ ਨੇੜੇ ਲਿਆਇਆ ਜਾਂਦਾ ਹੈ (ਅਫ਼ਸੀਆਂ 2:11–13)। ਯਿਸੂ ਤੋਂ ਬਾਹਰ ਹੋਣ ਨਾਲ ਉਸ ਵਿਚ ਆਉਣ ਤਕ ਦੀ ਆਪਣੀ ਸਥਿਤੀ ਬਦਲਣ ਨਾਲ (ਰੋਮੀਆਂ 6:3; ਗਲਾਤੀਆਂ 3:27)। ਅਸੀਂ ਉਨ੍ਹਾਂ ਬਰਕਤਾਂ ਵਿਚ ਦਾਖ਼ਲ ਹੁੰਦੇ ਹਾਂ ਜੋ

ਯਿਸੂ ਦੇ ਲਹੂ ਨਾਲ ਮੁਹੱਈਆਂ ਕਰਵਾਈਆਂ ਗਈਆਂ ਹਨ। ਉਸ ਵਿਚ ਸਾਨੂੰ ਉਸ ਦੇ ਲਹੂ ਦੇ ਰਾਹੀਂ ਛੁਟਕਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ (ਅਫ਼ਸੀਆਂ 1:7; ਕੁਲੁੱਸੀਆਂ 1:14)। ਮਸੀਹ ਵਿਚ ਸਾਨੂੰ ਨਵੀਂ ਸ੍ਰਿਸ਼ਟ ਬਣਾਇਆ ਜਾਂਦਾ ਹੈ (2 ਕੁਰਿੰਥੀਆਂ 5:17), ਸਾਡੀ ਪਹੁੰਚ ਕਿਰਪਾ ਤਕ ਹੋ ਜਾਂਦੀ ਹੈ (ਅਫ਼ਸੀਆਂ 1:6; 2 ਤਿਮੋਥਿਉਸ 2:1), ਅਸੀਂ ਬਚਾਏ ਜਾਂਦੇ ਹਾਂ (2 ਤਿਮੋਥਿਉਸ 2:10) ਸਾਨੂੰ ਹਮੇਸ਼ਾ ਦੀ ਜ਼ਿੰਦਗੀ ਦਾ ਅਨੰਦ ਮਿਲਦਾ ਹੈ (1 ਯੂਹੰਨਾ 5:11) ਅਤੇ ਸਾਨੂੰ ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ ਮਿਲਦੀਆਂ ਹਨ (ਅਫ਼ਸੀਆਂ 1:3)।

ਯਿਸੂ ਵਿਚ ਬਪਤਿਸਮਾ ਲੈਣ ਨਾਲ, ਅਸੀਂ ਉਸ *ਇਕ ਦੇਹ* ਵਿਚ ਆਉਂਦੇ ਹਾਂ ਜੋ ਯਿਸੂ ਵਿਚ ਹੈ (ਰੋਮੀਆਂ 12:5), ਜਿਸ ਨੂੰ ਮਸੀਹ ਦੀ ਦੇਹ (1 ਕੁਰਿੰਥੀਆਂ 12:27), ਕਲੀਸੀਆ (ਅਫ਼ਸੀਆਂ 1:22, 23; 5:30; ਕੁਲੁੱਸੀਆਂ 1:18, 24; 3:15) ਕਿਹਾ ਜਾਂਦਾ ਹੈ। ਯਿਸੂ ਉਸ ਇਕ ਦੇਹ (ਅਫ਼ਸੀਆਂ 5:23) ਭਾਵ ਕਲੀਸੀਆ ਦਾ ਬਚਾਉਣ ਵਾਲਾ ਹੈ ਜਿਸ ਵਿਚ ਬਪਤਿਸਮਾ ਲੈਣ ਨਾਲ ਅਸੀਂ ਵੜਦੇ ਹਾਂ (1 ਕੁਰਿੰਥੀਆਂ 12:13)।

ਜੋ ਲੋਕ ਕਲੀਸੀਆ ਵਿਚ ਹਨ, ਉਨ੍ਹਾਂ ਦੇ ਨਾਂਅ ਸੁਰਗ ਵਿਚ ''ਲਿਖੇ ਹੋਏ'' ਹਨ (ਇਬਰਾਨੀਆਂ 12:23)। ਇਸ ਦਾ ਅਰਥ ਇਹ ਹੈ ਕਿ ਅਸੀਂ ਸੁਰਗ ਵਿਚ ਵੜਾਂਗੇ ਕਿਉਂਕਿ ਸਾਡੇ ਨਾਂਅ ਜ਼ਿੰਦਗੀ ਦੀ ਕਿਤਾਬ ਵਿਚ ਲਿਖੇ ਗਏ ਹਨ (ਪ੍ਰਕਾਸ਼ ਦੀ ਪੋਥੀ 21:27)। ਫ਼ਤਹਿ ਪਾਉਣਾ ਸਾਡੇ ਲਈ ਜ਼ਰੂਰੀ ਹੈ ਤਾਂ ਜੋ ਸਾਡੇ ਨਾਂਅ ਉਸ ਕਿਤਾਬ ਵਿੱਚੋਂ ਕੱਢੇ ਨਾ ਜਾਣ (ਪ੍ਰਕਾਸ਼ ਦੀ ਪੋਥੀ 3:5)। ਸਾਡੇ ਨਾਂਅ ਜ਼ਿੰਦਗੀ ਦੀ ਕਿਤਾਬ ਵਿਚ ਨਾ ਮਿਲਣ ਤੇ ਸਾਨੂੰ ਅੱਗ ਦੀ ਝੀਲ ਵਿਚ ਪਾ ਦਿੱਤਾ ਜਾਵੇਗਾ (ਪ੍ਰਕਾਸ਼ ਦੀ ਪੋਥੀ 20:15)। ਕਲੀਸੀਆ ਦੇ ਲੋਕ ਹੋਣ ਕਰਕੇ ਸਾਨੂੰ ਯਿਸੂ ਦੇ ਲਹੂ ਨਾਲ ''ਜਲ ਦੇ ਇਸ਼ਨਾਨ ਤੋਂ ਵਚਨ ਨਾਲ ਸ਼ੁੱਧ ਕਰਕੇ'' (ਅਫ਼ਸੀਆਂ 5:26) ਸਿੱਧ (ਇਬਰਾਨੀਆਂ 12:23), ਨਿਹਕਲੰਕ ਅਤੇ ਬੇਦੋਸ਼ੇ ਬਣਾਇਆ ਗਿਆ ਹੈ। ਇਸ ਲਈ ਸਾਨੂੰ ਯਿਸੂ ਦੇ ਸਾਹਮਣੇ ਬੇਕਸੂਰ ਲਿਆ ਜਾਵੇਗਾ (ਅਫ਼ਸੀਆਂ 5:27; ਕੁਲੁੱਸੀਆਂ 1:19–23)।

ਕਲੀਸੀਆ *ਯਿਸੂ ਦਾ ਰਾਜ* ਹੈ (ਮੱਤੀ 16:18, 19); ਇਸ ਨੂੰ ਹਿਲਾਇਆ ਨਹੀਂ ਜਾ ਸਕਦਾ (ਇਬਰਾਨੀਆਂ 12:28)। ਰਾਜ ਦੇ ਲੋਕ ਅਤੇ ਰਾਜ ਦੇ ਪੁੱਤਰ ਸੂਰਜ ਵਾਂਗ ਯਿਸੂ ਅਤੇ ਪਿਤਾ ਦੇ ਹਮੇਸ਼ਾ ਦੇ ਰਾਜ ਵਿਚ ਚਮਕਣਗੇ (ਮੱਤੀ 13:37–43; 2 ਪਤਰਸ 1:10, 11)। ਉਸ ਰਾਜ ਵਿਚ ਅਸੀਂ ਜਲ ਅਤੇ ਆਤਮਾ ਤੋਂ ਜਨਮ ਲੈ ਕੇ ਵੜਦੇ ਹਾਂ (ਯੂਹੰਨਾ 3:3–5)।

ਕਲੀਸੀਆ ਦੇ ਲੋਕ *ਖ਼ੁਦਾ ਦੇ ਘਰਾਣੇ* ਭਾਵ ਉਸ ਦੇ ਪਰਿਵਾਰ ਦੀ ਸੰਤਾਨ ਹਨ (1 ਤਿਮੋਕਿਉਸ 3:15)। ਬਪਤਿਸਮਾ ਲੈਣ ਵੇਲੇ ਅਸੀਂ ਵਿਸ਼ਵਾਸ ਨਾਲ ਖ਼ੁਦਾ ਦੀ ਸੰਤਾਨ ਭਾਵ ਖ਼ੁਦਾ ਦੇ ਘਰ ਦੇ ਲੋਕ ਬਣ ਜਾਂਦੇ ਹਾਂ (ਗਲਾਤੀਆਂ 3:26, 27)। ਸੰਤਾਨ ਹੋਣ ਕਰਕੇ ਅਸੀਂ ਖ਼ੁਦਾ ਦੇ ਵਾਰਿਸ ਅਤੇ ਯਿਸੂ ਦੇ ਨਾਲ ਵਾਰਿਸ ਹਾਂ (ਰੋਮੀਆਂ 8:17; ਗਲਾਤੀਆਂ 4:7)। ਵਾਰਿਸ ਹੋਣ ਕਰਕੇ ਸਾਡੀ ਅਬਦੀ ਮਿਰਾਸ ਸੁਰਗ ਵਿਚ ਸਦਾ ਤਕ ਰਹਿਣ ਵਾਲਾ ਵਾਸ ਹੈ (1 ਪਤਰਸ 1:3, 4)।

ਨਿਆਂ ਖ਼ੁਦਾ ਦੇ ਘਰੋਂ ਹੀ ਸ਼ੁਰੂ ਹੋਵੇਗਾ! ਖ਼ੁਦਾ ਦੇ ਘਰ ਦੇ ਲੋਕ ਇੰਜੀਲ ਨੂੰ ਮੰਨਣ ਵਾਲਿਆਂ ਨੂੰ ਹੀ ਕਿਹਾ ਗਿਆ ਹੈ ਕਿਉਂਕਿ ਪਤਰਸ ਨੇ ਉਨ੍ਹਾਂ ਨੂੰ ਇੰਜੀਲ ਨੂੰ ਨਾ ਮੰਨਣ ਵਾਲਿਆਂ ਤੋਂ ਵੱਖ ਕੀਤਾ ਹੈ (1 ਪਤਰਸ 4:17)। ਇੰਜੀਲ ਬਚਾਏ ਜਾਣ ਲਈ ਖ਼ੁਦਾ ਦੀ ਸ਼ਕਤੀ ਹੈ (ਰੋਮੀਆਂ 1:16), ਇਸ ਦਾ ਅਰਥ ਇਹ ਹੈ ਕਿ ਜੋ ਲੋਕ ਖ਼ੁਦਾ ਦੇ ਘਰਾਣੇ ਭਾਵ

ਕਲੀਸੀਆ ਵਿਚ ਹਨ ਉਹ ਬਚਾਏ ਹੋਏ ਹਨ। ਜੇ ਅਸੀਂ ਇੰਜੀਲ ਨੂੰ ਨਹੀਂ ਮੰਨਦੇ, ਤਾਂ ਅਸੀਂ ''ਪ੍ਰਭੂ ਦੇ ਹਜ਼ੂਰੋਂ ਅਤੇ ਉਹਦੀ ਸਮਰਥਾ ਦੇ ਤੇਜ਼ ਤੋਂ ਸਦਾ ਦਾ ਵਿਨਾਸ਼'' ਭੋਗਾਂਗੇ (2 ਥੱਸਲੁਨੀਕੀਆਂ 1:9)।

ਕਲੀਸੀਆ ਨੂੰ ''*ਇੱਜੜ*'' (ਰਸੂਲਾਂ ਦੇ ਕੰਮ 20:28) ਵੀ ਕਿਹਾ ਜਾਂਦਾ ਹੈ। ਯਿਸੂ ਨੇ ਆਪਣੇ ਇੱਜੜ ਦੀਆਂ ਭੇਡਾਂ ਲਈ ਆਪਣੀ ਜਾਨ ਦੇ ਦਿੱਤੀ (ਯੂਹੰਨਾ 10:11, 15)। ਉਹਦੀਆਂ ਭੇਡਾਂ ਦੇ ਰੂਪ ਵਿਚ ਅਸੀਂ ਆਪਣੇ ਆਪ ਨੂੰ ਉਹਦੇ ਸਪੁਰਦ ਕਰਦੇ ਹਾਂ (ਯੂਹੰਨਾ 10:27; ਅਫ਼ਸੀਆਂ 5:24) ਸਾਨੂੰ ਹਮੇਸ਼ਾ ਦੀ ਜ਼ਿੰਦਗੀ ਦਿੱਤੀ ਜਾਵੇਗੀ ਕਿਉਂਕਿ ਅਸੀਂ ਉਹਦੇ ਪਿੱਛੇ ਚੱਲਦੇ ਹਾਂ (ਯੂਹੰਨਾ 10:27, 28)। ਕੁਦਰਤੀ ਸੰਸਾਰ ਵਿਚ, ਜਿਵੇਂ ਭੇਡਾਂ ਇੱਜੜ ਵਿਚ ਰਹਿੰਦੀਆਂ ਹਨ; ਉਵੇਂ ਹੀ ਰੂਹਾਨੀ ਰਾਜ ਵਿਚ ਹੀ ਯਿਸੂ ਦੇ ਇੱਜੜ ਦੇ ਲੋਕ ਬਣਨ ਲਈ ਸਾਡੇ ਲਈ ਰੂਹਾਨੀ ਜਨਮ ਲੈਣਾ ਜਰੂਰੀ ਹੈ (ਯੂਹੰਨਾ 3:3–5)।

ਅਸੀਂ ਕਿੱਥੇ ਹਾਂ, ਇਸ ਨਾਲ ਬੜਾ ਫ਼ਰਕ ਪੈਂਦਾ ਹੈ। ਜੇ ਅਸੀਂ ਮਸੀਹ ਦੀ ਇੱਕੋ ਦੇਹ ਵਿਚ ਨਹੀਂ ਹਾਂ ਜੋ ਕਿ ਉਸ ਦੀ ਕਲੀਸੀਆ ਭਾਵ ਯਿਸੂ ਦਾ ਰਾਜ, ਖ਼ੁਦਾ ਦਾ ਘਰਾਣਾ ਅਤੇ ਯਿਸੂ ਦਾ ਇੱਜੜ ਹੈ, ਤਾਂ ਅਸੀਂ ਸੁਰਗ ਵਿਚ ਦਾਖ਼ਲ ਨਹੀਂ ਹੋ ਸਕਦੇ। ਬਪਤਿਸਮਾ ਲੈਣ ਨਾਲ ਹੀ ਸਾਡੀ ਸਥਿਤੀ ਬਦਲਦੀ ਹੈ ਕਿਉਂਕਿ ਉਸ ਨਾਲ ਅਸੀਂ ਮਸੀਹ ਦੀ ਕਲੀਸੀਆ ਵਿਚ ਸ਼ਾਮਿਲ ਹੋ ਜਾਂਦੇ ਹਾਂ।

## ਸੇਵਾ ਵਿਚ ਬਦਲਾਅ

ਬਪਤਿਸਮੇ ਵੇਲੇ ਰੂਹਾਨੀ ਸਮਝ ਦੇ ਕਾਰਣ ਅਸੀਂ ਪਾਪ ਦੀ ਸੇਵਾ ਕਰਨ ਵਾਲੀ ਜ਼ਿੰਦਗੀ ਛੱਡ ਕੇ ਧਾਰਮਿਕਤਾ ਦੀ ਸੇਵਾ ਕਰਨ ਵਾਲੀ ਨਵੀਂ ਜ਼ਿੰਦਗੀ ਵਿਚ ਦਾਖ਼ਲ ਹੁੰਦੇ ਹਾਂ (ਰੋਮੀਆਂ 6:16–18)। ਪਾਪ ਸਾਨੂੰ ਵੱਸ ਵਿਚ ਕਰ ਲੈਂਦਾ ਹੈ ਅਤੇ ਅਸੀਂ ਪਾਪ ਦੇ ਦਾਸ ਬਣ ਜਾਂਦੇ ਹਾਂ (ਯੂਹੰਨਾ 8:34; ਰੋਮੀਆਂ 6:16; 2 ਪਤਰਸ 2:19)। ਜਦ ਤਕ ਅਸੀਂ ਉਸ ਸਿੱਖਿਆ ਨੂੰ ਦਿਲੋਂ ਮੰਨ ਕੇ ਜੋ ਸਾਨੂੰ ਦਿੱਤੀ ਗਈ ਸੀ, ਬਦਲਦੇ ਨਹੀਂ (ਰੋਮੀਆਂ 6:17, 18), ਤਦ ਤਕ ਅਸੀਂ ਪਾਪ ਦੀ ਗ਼ੁਲਾਮੀ ਵਿਚ ਹੀ ਹਾਂ। ਇਹ ਬਦਲਾਅ ਉਦੋਂ ਹੀ ਹੁੰਦਾ ਜਦ ਅਸੀਂ ਬਪਤਿਸਮੇ ਵਿਚ ਯਿਸੂ ਨਾਲ ਰੂਹਾਨੀ ਤੌਰ ਤੇ ਮਰਦੇ ਹਾਂ (ਰੋਮੀਆਂ 6:3, 4)। ਉਸ ਵਕਤ ਪੁਰਾਣੀ ਜ਼ਿੰਦਗੀ ਨੂੰ ਸਲੀਬ ਤੇ ਚੜ੍ਹਾ ਦਿੱਤਾ ਜਾਂਦਾ ਹੈ, ਪਾਪ ਦੀ ਦੇਹ ਨੂੰ ਮਿਟਾ ਦਿੱਤਾ ਜਾਂਦਾ ਹੈ ਅਤੇ ਅਸੀਂ ਪਾਪ ਦੇ ਦਾਸ ਨਹੀਂ ਰਹਿੰਦੇ (ਰੋਮੀਆਂ 6:4–6)। ਬਪਤਿਸਮੇ ਵਿਚ ਪਾਪ ਲਈ ਸਾਡੀ ਮੌਤ ਨਾਲ ਸਾਨੂੰ ਆਪਣੇ ਤੇ ਅਧਿਕਾਰ ਕਰਨ ਵਾਲੀ ਪਾਪ ਦੀ ਸ਼ਕਤੀ ਤੋਂ ਛੁਡਾਇਆ ਜਾਂਦਾ ਹੈ (ਰੋਮੀਆਂ 6:7, 18)।

## ਸਬੰਧਾਂ ਵਿਚ ਬਦਲਾਅ

ਬਪਤਿਸਮਾ ਲੈਣ ਵੇਲੇ ਸਾਡੇ ਸਬੰਧਾਂ ਵਿਚ ਵੀ ਬਦਲਾਅ ਆ ਜਾਂਦਾ ਹੈ। ਬਪਤਿਸਮਾ ਲੈਣ ਅਤੇ ਯਿਸੂ ਦੇ ਰਾਜ ਵਿਚ ਬਦਲਣ ਤੋਂ ਪਹਿਲਾਂ, ਅਸੀਂ ਹਨ੍ਹੇਰੇ ਵਿਚ ਅਤੇ ਸ਼ੈਤਾਨ ਦੇ ਰਾਜ ਵਿਚ ਹੁੰਦੇ ਹਾਂ (ਰਸੂਲਾਂ ਦੇ ਕੰਮ 26:18; ਕੁਲੁੱਸੀਆਂ 1:13)। ਹੋ ਸਕਦਾ ਹੈ ਕਿ ਸਾਨੂੰ ਇਸ ਦਾ ਅਹਿਸਾਸ ਨਾ ਹੋਵੇ ਅਤੇ ਅਸੀਂ ਇਸ ਨੂੰ ਮੰਨਣ ਲਈ ਤਿਆਰ ਨਾ ਹੋਈਏ, ਪਰ ਹਕੀਕਤ ਇਹੀ ਹੈ। ਜਦ ਤਕ ਅਸੀਂ ਸ਼ੈਤਾਨ ਦੀ ਮਰਜੀ ਪੂਰੀ ਕਰਦੇ ਹਾਂ (ਯੂਹੰਨਾ 8:44), ਤਦ ਤਕ ਅਸੀਂ ਸ਼ੈਤਾਨ ਦੀ ਸੰਤਾਨ ਹੀ ਰਹਿੰਦੇ ਹਾਂ (1 ਯੂਹੰਨਾ 3:7, 8, 10)। ਸਾਡਾ ਵਿਸ਼ਵਾਸ ਸਾਨੂੰ

ਸ਼ੈਤਾਨ ਦੀ ਸੰਤਾਨ ਹੋਣ ਤੋਂ ਖ਼ੁਦਾ ਦੀ ਸੰਤਾਨ ਵਿਚ ਬਦਲਣ ਦੀ ਮਦਦ ਕਰਦਾ ਹੈ (ਗਲਾਤੀਆਂ 3:26, 27)। ਖ਼ੁਦਾ ਦੇ ਬੇਟਿਆਂ ਦੇ ਰੂਪ ਵਿਚ ਹੁਣ ਅਸੀਂ ਵੀ ਸ਼ੈਤਾਨ ਦੇ ਬੇਟਿਆਂ ਨਾਲ ਇਸ ਸੰਸਾਰ ਵਿਚ ਰਹਿੰਦੇ ਹਾਂ (ਮੱਤੀ 13:37–39)। ਫ਼ਸਲ ਦੀ ਵਾਢੀ ਵੇਲੇ ਜਦ ਫ਼ਰਿਸ਼ਤਿਆਂ ਨੂੰ ਭੇਜਿਆ ਜਾਵੇਗਾ ਤਾਂ ਉਹ ਰਾਜ ਦੇ ਪੁੱਤਰਾਂ ਨੂੰ ਸ਼ੈਤਾਨ ਦੇ ਪੁੱਤਰਾਂ ਤੋਂ ਵੱਖ ਕਰੇਗਾ। ਉਸ ਦੁਸ਼ਟ ਨੂੰ ਪਿਤਾ ਦੇ ਰਾਜ ਵਿਚ ਵਾੜਨ ਦੀ ਬਜਾਇ ਅੱਗ ਵਿਚ ਸੁੱਟ ਦਿੱਤਾ ਜਾਵੇਗਾ (ਮੱਤੀ 13:39–43)।

ਜੇ ਅਸੀਂ ਪਾਪ ਦੇ ਹਨ੍ਹੇਰੇ ਵਿਚ ਹਾਂ, ਤਾਂ ਅਸੀਂ ਖ਼ੁਦਾ ਦੀ ਸੰਗਤੀ ਨਹੀਂ ਕਰ ਸਕਦੇ, ਕਿਉਂਕਿ ਖ਼ੁਦਾ ਚਾਨਣ ਹੈ ਅਤੇ ਉਸ ਵਿਚ ਜ਼ਰਾ ਵਿਚ ਹਨ੍ਹੇਰਾ ਨਹੀਂ ਹੈ (1 ਯੂਹੰਨਾ 1:5–7)। ਪਾਪ ਸਾਨੂੰ ਖ਼ਦਾ ਤੋਂ ਵੱਖ ਕਰਦਾ ਹੈ ਅਤੇ ਉਸ ਦੀ ਸੰਗਤੀ ਤੋਂ ਦੂਰ ਰੱਖਦਾ ਹੈ (ਯਸਾਯਾਹ 59:1, 2)। ਜੋ ਲੋਕ ਯਿਸੂ ਤੋਂ ਬਾਹਰ ਹਨ ਉਹ ਉਸ ਤੋਂ ਵੱਖ ਹਨ ਭਾਵ ਉਹ ਖ਼ੁਦਾ ਅਤੇ ਮਸੀਹ ਦੇ ਬਗ਼ੈਰ ਹਨ (ਅਫ਼ਸੀਆਂ 2:11, 12)। ਬਪਤਿਸਮਾ ਲੈ ਕੇ ਯਿਸੂ ਵਿਚ ਆਉਣ ਨਾਲ (ਰੋਮੀਆਂ 6:3; ਗਲਾਤੀਆਂ 3:27)। ਹਨ੍ਹੇਰੇ ਤੋਂ ਸਾਡੀ ਸੰਗਤੀ ਖ਼ਤਮ ਹੋ ਜਾਂਦੀ ਹੈ ਅਤੇ ਰੌਸ਼ਨੀ ਸ਼ੁਰੂ ਹੋ ਜਾਂਦੀ ਹੈ। ਯਿਸੂ ਵਿਚ ਸਾਨੂੰ ਉਹਦੇ ਲਹੂ ਦੇ ਰਾਹੀਂ ਖ਼ੁਦਾ ਦੇ ਨੇੜੇ ਲਿਆਇਆ ਜਾਂਦਾ ਹੈ (ਅਫ਼ਸੀਆਂ 2:13)।

## ਸਾਰ

ਇਹ ਸਮਝ ਆ ਜਾਣ ਤੇ ਕਿ ਇਸਦੇ ਕੀ ਲਾਭ ਅਤੇ ਖ਼ੁਦਾ ਕਿਹੜੀਆਂ ਰੂਹਾਨੀ ਤਬਦੀਲੀਆਂ ਦੀ ਉਮੀਦ ਕਰਦਾ ਹੈ ਸਾਨੂੰ ਬਪਤਿਸਮਾ ਲੈ ਲੈਣਾ ਚਾਹੀਦਾ ਹੈ। ਇਨ੍ਹਾਂ ਤਬਦੀਲੀਆਂ ਦੇ ਬਗ਼ੈਰ ਸਾਨੂੰ ਨਵੀਂ ਜ਼ਿੰਦਗੀ ਨਹੀਂ ਮਿਲ ਸਕਦੀ ਜਿਸ ਨਾਲ ਅਸੀਂ ਖ਼ੁਦਾ ਦੇ ਰਾਜ ਵਿਚ ਵੜ ਸਕੀਏ (ਯੂਹੰਨਾ 3:3–5)।

---

# ਬਪਤਿਸਮੇ ਵਿਚ ਰੂਹਾਨੀ ਹਿੱਸੇਦਾਰੀ

ਬਪਤਿਸਮੇ ਦਾ ਸਬੰਧ ਬਚਾਏ ਜਾਣ ਨਾਲ ਹੈ। ਇਹ ਵਿਸ਼ਵਾਸ ਦਾ ਇਕ ਕੰਮ ਹੈ ਜਿਸ ਦਾ ਫ਼ਲ ਉਸ ਵਿਸ਼ਵਾਸ ਦੇ ਕਾਰਣ ਮਿਲਦਾ ਹੈ ਜਿਸਨੂੰ ਕਰਨ ਲਈ ਇਹ ਪ੍ਰੇਰਦਾ ਹੈ (ਰਸੂਲਾਂ ਦੇ ਕੰਮ 2:38; ਕੁਲੁੱਸੀਆਂ 2:12)। ਬਪਤਿਸਮੇ ਦੇ ਕਬੂਲੇ ਜਾਣ ਯੋਗ ਹੋਣ ਲਈ ਸਰੀਰਕ ਕੰਮ ਕਰਨ ਲਈ ਸਮਰਪਿਤ ਹੋਣ ਵਾਲੇ ਦਾ ਰੂਹਾਨੀ ਤੌਰ ਤੇ ਸ਼ਾਮਿਲ ਹੋਣਾ ਵੀ ਜ਼ਰੂਰੀ ਹੈ। ਉਸ ਨੂੰ ਇਹ ਸਮਝ ਹੋਣੀ ਜ਼ਰੂਰੀ ਹੈ ਕਿ ਉਸ ਤੇ ਪਿੱਛਲੇ ਪਾਪ ਮਾਫ਼ੀ ਕੀਤੇ ਜਾ ਰਹੇ ਹਨ। ਉਸ ਨੂੰ ਇਸ ਗੱਲ ਦਾ ਇਲਮ ਹੋਣਾ ਵੀ ਜ਼ਰੂਰੀ ਹੈ ਕਿ ਇਸ ਦਫ਼ਨਾਏ ਜਾਣ ਨਾਲ ਅਤੇ ਜੀ ਉੱਠਣ ਨਾਲ ਪੁਰਾਣੀ ਜ਼ਿੰਦਗੀ ਖ਼ਤਮ ਹੋ ਜਾਂਦੀ ਹੈ ਭਾਵ ਉਹ ਯਿਸੂ ਦੇ ਨਾਲ ਨਵੀਂ ਜ਼ਿੰਦਗੀ ਵਿਚ ਦਾਖ਼ਲ ਹੋ ਰਿਹਾ ਹੈ ਅਤੇ ਉਸ ਨੂੰ ਪ੍ਰਭੂ ਮੰਨ ਰਿਹਾ ਹੈ।

ਸਾਡੇ ਪਾਪਾਂ ਦੀ ਮਾਫ਼ੀ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਦੂਸਰਿਆਂ ਵੱਲੋਂ ਕੀਤੇ ਕੰਮਾਂ ਨਾਲ ਹੁੰਦੀ ਹੈ। ਉਵੇਂ ਹੀ ਸਾਡਾ ਬਚਾਇਆ ਜਾਣਾ ਬਪਤਿਸਮੇ ਵਿਚ ਸਾਨੂੰ ਕਿਸੇ ਹੋਰ ਵੱਲੋਂ ਦਫ਼ਨਾਏ ਜਾਣ ਅਤੇ ਉਠਾਉਣ ਨਾਲ ਹੁੰਦਾ ਹੈ। ਯਿਸੂ ਦੇ ਲਹੂ ਨਾਲ ਆਪਣੇ ਪਾਪਾਂ ਦੇ ਧੋਤੇ ਜਾਣ ਵਿਚ ਭਰੋਸਾ ਰੱਖ ਕੇ ਸਰੀਰਕ ਤੌਰ ਤੇ ਬਪਤਿਸਮਾ ਲੈਂਦਿਆਂ, ਰੂਹਾਨੀ ਤੌਰ ਤੇ ਸਾਡੇ ਮਨ ਇਸ ਵਿਚ ਸ਼ਾਮਿਲ ਹੁੰਦੇ ਹਨ (ਰੋਮੀਆਂ 3:25)।